# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 21-11-2024**

ਪ੍ਰਧਾਨ ਮੰਤਰੀ, ਨਰੇਂਦਰ ਮੋਦੀ ਨੂੰ ਆਲਮੀ ਮੰਚ 'ਤੇ ਵਿਕਾਸਸ਼ੀਲ ਮੁਲਕਾਂ ਦੇ ਅਧਿਕਾਰਾਂ ਨੂੰ ਅੱਗੇ ਵਧਾਉਣ, ਵਿਸ਼ਵ ਭਾਈਚਾਰੇ ਲਈ ਬੇਮਿਸਾਲ ਸੇਵਾ ਅਤੇ ਭਾਰਤ-ਗੁਯਾਨਾ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਲਈ, ਗੁਆਨਾ ਦੇ ਸਰਵਉੱਚ ਰਾਸ਼ਟਰੀ ਪੁਰਸਕਾਰ 'ਦ ਆਰਡਰ ਆਫ਼ ਐਕਸੀਲੈਂਸ' ਨਾਲ ਸਨਮਾਨਿਤ ਕੀਤਾ ਗਿਆ ।ਗੁਆਨਾ ਦੇ ਸਟੇਟ ਹਾਊਸ ਵਿੱਚ ਅੱਜ ਇੱਕ ਸਮਾਗਮ ਦੌਰਾਨ , ਗੁਆਨਾ ਦੇ ਰਾਸ਼ਟਰਪਤੀ ਡਾ: ਮੁਹੰਮਦ ਇਰਫਾਨ ਅਲੀ ਨੇ ਪ੍ਰਧਾਨ ਮੰਤਰੀ ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ। ਸ਼੍ਰੀ ਮੋਦੀ ਨੇ ਇਹ ਸਨਮਾਨ ਭਾਰਤ ਦੇ ਲੋਕਾਂ ਅਤੇ ਦੋਹਾਂ ਮੁਲਕਾਂ ਦੇ ਲੋਕਾਂ ਦਰਮਿਆਨ ਡੂੰਘੇ ਇਤਿਹਾਸਕ ਸਬੰਧਾਂ ਨੂੰ ਸਮਰਪਿਤ ਕੀਤਾ । ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਰਾਜ ਯਾਤਰਾ ਭਾਰਤ-ਗੁਯਾਨਾ ਦੋਸਤੀ ਨੂੰ ਗੂੜ੍ਹਾ

ਕਰਨ ਲਈ ਭਾਰਤ ਦੀ ਨਿਰੰਤਰ ਵਚਨਬੱਧਤਾ ਦਾ ਪ੍ਰਮਾਣ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ-ਗੁਯਾਨਾ ਸਬੰਧ ਸਾਂਝੇ ਇਤਿਹਾਸ, ਸੱਭਿਆਚਾਰਕ ਵਿਰਾਸਤ ਅਤੇ ਦੋਵਾਂ ਦੇਸ਼ਾਂ ਦਰਮਿਆਨ ਡੂੰਘੇ ਆਪਸੀ ਵਿਸ਼ਵਾਸ 'ਤੇ ਆਧਾਰਿਤ ਨੇ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਹਰ ਖੇਤਰ ਵਿੱਚ ਗੁਆਨਾ ਨਾਲ ਮਿਲਕੇ ਕੰਮ ਕਰਨ ਲਈ ਤਿਆਰ ਏ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦਾ ਸਹਿਯੋਗ ਸਿਰਫ਼ ਦੁਵੱਲੇ ਸਬੰਧਾਂ ਲਈ ਹੀ ਨਹੀਂ, ਸਗੋਂ ਸਮੁੱਚੇ ਵਿਕਾਸਸ਼ੀਲ ਮੁਲਕਾਂ ਲਈ ਵੀ ਮਹੱਤਵਪੂਰਨ ਏ।

-------------------------------------------------------------------------------

ਰਾਸ਼ਟਰੀ ਲੋਕ ਪ੍ਰਸਾਰਕ ਪ੍ਰਸਾਰ ਭਾਰਤੀ ਨੇ, ਆਪਣਾ OTT ਪਲੇਟਫਾਰਮ, ਵੇਵਸ ਸ਼ੁਰੂ ਕੀਤਾ ਏ। ਕੱਲ੍ਹ ਗੋਆ ਵਿੱਚ 55ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਸਮਾਰੋਹ (IFFI) ਦੇ ਉਦਘਾਟਨੀ ਸਮਾਗਮ ਵਿੱਚ ਇਸਦੀ ਸ਼ੁਰੂਆਤ ਕੀਤੀ ਗਈ। ਵੇਵਸ, ਦਾ ਉਦੇਸ਼ ਡਿਜੀਟਲ ਸਟ੍ਰੀਮਿੰਗ ਸੇਵਾਵਾਂ ਦੀ ਵਧਦੀ ਮੰਗ ਨੂੰ ਪੂਰਾ ਕਰਦੇ ਹੋਏ, ਤੇ ਆਧੁਨਿਕ ਡਿਜੀਟਲ ਰੁਝਾਨਾਂ ਨੂੰ ਅਪਣਾਉਂਦਿਆਂ ਪੁਰਾਣੀਆਂ ਯਾਦਾਂ ਨੂੰ ਮੁੜ ਸੁਰਜੀਤ ਕਰਨਾ ਏ । ਵੇਵਜ਼ ਵਿੱਚ

ਰਾਮਾਇਣ, ਮਹਾਭਾਰਤ, ਸ਼ਕਤੀਮਾਨ, ਅਤੇ ਹਮ ਲੋਗ ਵਰਗੇ ਸ਼ੋਅ ਸ਼ਾਮਲ ਨੇ I ਇਹ ਪਲੇਟਫਾਰਮ ਦਰਸ਼ਕਾਂ ਨੂੰ ਭਾਰਤ ਦੇ ਸੱਭਿਆਚਾਰਕ ਅਤੇ ਭਾਵਨਾਤਮਕ ਵਿਰਸੇ ਨਾਲ ਜੋੜੇਗਾ। ਪ੍ਰਸਾਰ ਭਾਰਤੀ ਦੇ ਚੇਅਰਮੈਨ ਨਵਨੀਤ ਕੁਮਾਰ ਸਹਿਗਲ ਨੇ ਕਿਹਾ ਏ ਕਿ ਵੇਵਸ ਹੋਰ OTT ਪਲੇਟਫਾਰਮਾਂ ਦੇ ਮੁਕਾਬਲੇ ਵਿਲੱਖਣ ਏ, ਜੋ ਕਿ ਹੋਰ ਸੇਵਾਵਾਂ ਦੇ ਨਾਲ-ਨਾਲ ਸਾਫ਼-ਸੁਥਰੇ ਅਤੇ ਪਰਿਵਾਰ-ਮੁਖੀ ਮਨੋਰੰਜਨ ਦੀ ਪੇਸ਼ਕਸ਼ ਕਰਦਾ ਏ । ਵੇਵਸ ਵਿੱਚ ਖ਼ਬਰਾਂ, ਦਸਤਾਵੇਜ਼ੀ ਫਿਲਮਾਂ ਅਤੇ ਖੇਤਰੀ ਸਮੱਗਰੀ ਵੀ ਸ਼ਾਮਲ ਏ, ਜੋ ਸਮਾਵੇਸ਼ ਅਤੇ ਭਿੰਨਤਾ ਨੂੰ ਉਤਸ਼ਾਹਿਤ ਕਰਦੀ ਏ । ਵੇਵਜ਼ ਵਿਚ 12 ਤੋਂ ਵੱਧ ਭਾਸ਼ਾਵਾਂ ਅਤੇ 10 ਤੋਂ ਵੱਧ ਸ਼ੈਲੀਆਂ ਵਿੱਚ ਸਮੱਗਰੀ ਦੇ ਨਾਲ ਵਖ-ਵਖ ਤਰ੍ਹਾਂ ਦੇ ਦਰਸ਼ਕਾਂ ਲਈ ਸਮਗਰੀ ਏ I

---------------------------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮੁਹਾਲੀ ਸਥਿਤ ਭਾਰਤੀ ਵਿਗਿਆਨ ਸਿਖਿਆ ਅਤੇ ਖੋਜ ਸੰਸਥਾਨ ਆਈਸਰ ਵਿਖੇ ਨਹਿਰੂ ਯੁਵਾ ਕੇਂਦਰ, ਵਲੋਂ 16 ਤੋਂ 21 ਨਵੰਬਰ ਤੱਕ ਕਰਵਾਏ, ਇੱਕ 6-

ਦਿਨਾ "ਕਸ਼ਮੀਰੀ ਯੂਥ ਐਕਸਚੇਂਜ ਪ੍ਰੋਗਰਾਮ" ਦੇ ਸਮਾਪਤੀ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਕਸ਼ਮੀਰ ਤੋਂ ਆਏ ਨੌਜਵਾਨਾਂ ਨਾਲ ਨਾਲ ਮੁਲਾਕਾਤ ਕੀਤੀ। ਆਪਣੇ ਸੰਬੋਧਨ ਚ ਰਾਜਪਾਲ ਕਟਾਰੀਆ ਨੇ ਇਸ ਪ੍ਰੋਗਰਾਮ ਵਿੱਚ, ਕਸ਼ਮੀਰ ਘਾਟੀ ਦੇ 6 ਚੁਣੇ ਹੋਏ ਜ਼ਿਲ੍ਹਿਆਂ- ਅਨੰਤਨਾਗ, ਕੁਪਵਾੜਾ, ਬਾਰਾਮੂਲਾ, ਬਡਗਾਮ, ਸ਼੍ਰੀਨਗਰ ਅਤੇ ਪੁਲਵਾਮਾ ਦੇ 18-22 ਸਾਲ ਦੀ ਉਮਰ ਦੇ 132 ਕਸ਼ਮੀਰੀ ਨੌਜਵਾਨ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਨਹਿਰੂ ਯੁਵਾ ਕੇਂਦਰ ਵਲੋਂ ਕੀਤੇ ਜਾ ਰਹੇ ਕੌਮੀ ਪੱਧਰ ਦੇ ਅਜਿਹੇ ਪ੍ਰੋਗਰਾਮ, ਦੇਸ਼ ਦੇ ਨੌਜਵਾਨਾਂ ਨੂੰ ਆਪਸੀ ਭਾਈਚਾਰੇ, ਪਿਆਰ, ਮੇਲ ਮਿਲਾਪ ਤੇ ਸੰਸਕਾਰਾਂ ਨਾਲ ਜੋੜ ਰਿਹਾ ਏ

BYTE: ਓਨਾਂ ਕੇਂਦਰ ਦੇ ਉਦੇਸ਼ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰੋਗਰਾਮ ਦਾ ਉਦੇਸ਼ ਭਾਗੀਦਾਰਾਂ ਨੂੰ ਕਸ਼ਮੀਰ ਘਾਟੀ ਦੇ ਨੌਜਵਾਨਾਂ ਵਿੱਚ ਰਾਸ਼ਟਰੀ ਏਕਤਾ, ਅਖੰਡਤਾ ਅਤੇ ਸ਼ਾਂਤੀ ਦੇ ਸਮਰਥਕਾਂ ਵਜੋਂ ਕੰਮ ਕਰਨ ਲਈ ਅਤੇ ਪ੍ਰਤੀਭਾਗੀਆਂ ਨੂੰ ਦੇਸ਼ ਦੇ ਸੱਭਿਆਚਾਰਕ, ਉਦਯੋਗਿਕ, ਇਤਿਹਾਸਕ, ਧਾਰਮਿਕ ਅਤੇ ਵਿਦਿਅਕ ਰੁਚੀ ਦੇ ਵੱਖ-ਵੱਖ ਸਥਾਨਾਂ ਦਾ ਦੌਰਾ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ

ਪ੍ਰੇਰਿਤ ਕਰਨਾ ਅਤੇ ਸੰਵੇਦਨਸ਼ੀਲ ਬਣਾਉਣਾ ਏ । ਇਸ ਮੌਕੇ ਆਈਸਰ ਦੇ ਡਾਇਰੈਕਟਰ ਡਾਕਟਰ ਅਨਿਲ ਕੁਮਾਰ ਤ੍ਰਿਪਾਠੀ , ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਤੇ ਮੁਹਾਲੀ ਦੇ SSP ਦੀਪਕ ਪਾਰੀਕ ਵੀ ਮੌਜੂਦ ਰਹੇ । ਕਸ਼ਮੀਰੀ ਨੌਜਵਾਨਾਂ ਨੂੰ ਤਕਨੀਕੀ ਅਤੇ ਉਦਯੋਗਿਕ ਉੱਨਤੀ ਵਿੱਚ ਮੌਕੇ ਪ੍ਰਦਾਨ ਕਰਨ ਲਈ, ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਵਿਕਾਸ ਗਤੀਵਿਧੀਆਂ, ਹੁਨਰ ਵਿਕਾਸ, ਵਿਦਿਅਕ ਅਤੇ ਰੁਜ਼ਗਾਰ ਦੇ ਮੌਕਿਆਂ ਦੀ ਉਪਲਬਧਤਾ 'ਤੇ ਧਿਆਨ ਦਿਵਾਇਆ ਗਿਆ।ਇਸ ਮੌਕੇ ਕਸ਼ਮੀਰੀ ਨੌਜਵਾਨਾਂ ਨੇ ਆਪਣੇ ਤਜਰਬੇ ਵੀ ਸਾਂਝੇ ਕੀਤੇ …

BYTE:

--------------------------------------------------------------------------------

ਗਣਤੰਤਰ ਦਿਵਸ ਦੀ ਪਰੇਡ ਦਿੱਲੀ ਵਿੱਚ ਹਿੱਸਾ ਲੈਣ ਦੇ ਲਈ ਐਨ ਸੀ ਸੀ ਕੈਡਿਟਸ ਦੀ ਰੂਪਨਗਰ ਵਿਚ ਚੱਲ ਤਿਆਰੀ ਰਹੀ ਹੈ । ਪਰੇਡ ਵਿੱਚ ਸ਼ਾਮਿਲ ਹੋਣ ਦੇ ਲਈ ਪੰਜਾਬ ਹਰਿਆਣਾ ਹਿਮਾਚਲ ਅਤੇ ਚੰਡੀਗੜ੍ਹ ਦੇ ਸਾਂਝਾ ਡਾਇਰੈਕਟੋਰੇਟ ਦੇ ਅਧੀਨ ਐਨਸੀਸੀ ਅਕੈਡਮੀ ਵਿਖੇ ਮੁਕਾਬਲੇ ਚੱਲ ਰਹੇ ਨੇ। ਇਸ ਡਾਇਰੈਕਟੋਰੇਟ ਤੋਂ 124 ਐਨਸੀਸੀ ਕੈਡਿਟਸ ਦਿੱਲੀ ਦੀ ਪਬਲਿਕ ਡੇ ਪਰੇਡ ਵਿਖੇ ਭਾਗ ਲੈਣ ਲਈ ਜਾਣਗੇ। ਇਹਨਾਂ

ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪੰਜਾਬ ਹਰਿਆਣਾ ਹਿਮਾਚਲ ਅਤੇ ਚੰਡੀਗੜ੍ਹ ਤੋਂ 400 ਕੈਡਿਟਸ ਮਿਹਨਤ ਕਰ ਰਹੇ ਨੇ। ਇਹ ਬੱਚੇ ਨਵੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਦੇ ਨਾਲ ਵੀ ਮੁਲਾਕਾਤ ਕਰਨਗੇ।

-------------------------------------------------------------------------

ਐਸ.ਏ.ਐਸ ਨਗਰ ਵਿਚ ਸਿਹਤ ਵਿਭਾਗ ਨੇ ਕਿਸਾਨਾਂ ਨੂੰ ਵਧੀਆ ਗੁਣਵੱਤਾ ਦੀਆਂ ਖਾਦਾਂ, ਬੀਜ ਅਤੇ ਕੀਟਨਾਸ਼ਕ ਉਪਲੱਬਧ ਕਰਵਾਉਣ ਲਈ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ। ਚੈਕਿੰਗ ਦੌਰਾਨ ਬਲਾਕ ਖੇਤੀਬਾੜੀ ਅਫਸਰ ਡਾ. ਸ਼ੁਭਕਰਨ ਸਿੰਘ ਨੇ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਜੇਕਰ ਕੋਈ ਵੀ ਦੁਕਾਨਦਾਰ ਕਿਸੇ ਵੀ ਪ੍ਰਕਾਰ ਦੀ ਡੁਪਲੀਕੇਟ/ ਮਾੜੇ ਦਰਜੇ ਦੀ ਖੇਤੀ ਸਮੱਗਰੀ ਵੇਚਦਾ ਏ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਪਿਛਲੇ ਦਿਨੀਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਨੂੰ 850 ਟਨ ਡੀਏਪੀ ਖਾਦ ਪ੍ਰਾਪਤ ਹੋਈ ਏ, ਜਿਸਦੀ ਗੁਣਵੱਤਾ ਦੀ ਚੈਕਿੰਗ ਲਈ ਖਾਦਾਂ ਦੇ ਸੈਂਪਲ ਭਰੇ ਗਏ। ਫਾਸਫੇਟਿਕ ਖਾਦਾਂ ਦਾ ਕੋਟਾ 7763 ਟਨ ਲੋੜੀਂਦਾ ਏ ਤੇ ਹੁਣ ਤੱਕ 5334 ਟਨ ਦੀ ਸਪਲਾਈ ਹੋ ਚੁੱਕੀ ਹੈ।